BRITISH COLUMBIA | HealthLinkBC

Punjabi - Number 55a
April 2014

ਕ੍ਰਿਓਟਜ਼ਫ਼ੈਲਡ–ਯਾਕੋਬ ਬੀਮਾਰੀ (CJD)

Creutzfeldt-Jakob Disease (CJD)

ਕ੍ਰਿਓਟਜ਼ਫ਼ੈਲਡ–ਯਾਕੋਬ ਬੀਮਾਰੀ (CJD) ਕੀ ਹੈ?

ਕ੍ਰਿਓਟਜ਼ਫ਼ੈਲਡ–ਯਾਕੋਬ ਬੀਮਾਰੀ (CJD) ਦਿਮਾਗ ਦੀ ਵਿਰਲੀ, ਸਮੇਂ ਨਾਲ ਵਿਗੜਨ ਵਾਲੀ , ਜਾਨਲੇਵਾ ਬੀਮਾਰੀ ਹੈ।

ਸ਼ੁਰੂ ਦੇ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ ਉਲਝਨ, ਉਦਾਸੀ, ਭੁਲੱਕੜਪਨ, ਸੌਣ ਵਿੱਚ ਮੁਸ਼ਕਲ, ਵਿਵਹਾਰ ਵਿੱਚ ਪਰਿਵਰਤਨ, ਵਿਗੜੀ ਹੋਈ ਨਜ਼ਰ, ਅਸੁਭਾਵਿਕ ਸਰੀਰਕ ਅਹਿਸਾਸ, ਅਤੇ ਸਵੈਇੱਛਤ ਤਾਮਮੇਲ ਵਿੱਚ ਕਠਿਨਾਈ।

ਇੱਕ ਵਾਰੀ ਕਿਸੇ ਵਿਅਕਤੀ ਵਿੱਚ ਸੀਜੇਡੀ (CJD) ਦੇ ਲੱਛਣ ਦਿਖਾਈ ਦੇਣੇ ਸ਼ੁਰੂ ਹੋਣ ਤੋਂ ਬਾਅਦ ਇਹ ਬੀਮਾਰੀ 2 ਤੋਂ 12 ਮਹੀਨੇ ਤੱਕ ਤੇਜ਼ੀ ਨਾਲ ਵੱਧਦੀ ਹੈ।

ਜਿਆਦਾ ਉਨੱਤ ਲੱਛਣਾਂ ਵਿੱਚ ਸ਼ਾਮਲ ਹਨ ਸੰਤੁਲਨ ਸੰਬੰਧੀ ਸਮੱਸਿਆਵਾਂ, ਬੋਲੀ ਅਤੇ ਹਿਲਣ ਜੁਲਣ ਵਿੱਚ ਕਠਿਨਾਈ, ਨਿਮੋਨੀਆ ਦਾ ਵਧਿਆ ਹੋਇਆ ਖਤਰਾ, ਡਿਮੇਨਸੀਆ, ਬੇਹੋਸ਼ੀ (ਕੋਮਾ) ਅਤੇ ਅੰਤ ਵਿੱਚ ਮੌਤ।ਸੀਜੇਡੀ (CJD) ਬਹੁਤ ਵਿਰਲੀ ਹੈ, ਪਰ ਹਰ ਸਾਲ ਕੈਨੇਡਾ ਵਿੱਚ ਰਹਿਣ ਵਾਲੇ ਲਗਭਗ 30 ਤੋਂ 40 ਲੋਕਾਂ ਦੀ ਇਸ ਬੀਮਾਰੀ ਕਰਕੇ ਮੌਤ ਹੋ ਜਾਂਦੀ ਹੈ।ਸੀਜੇਡੀ (CJD) ਦੁਨੀਆਂ ਭਰ ਦੇ ਹਰੇਕ ਦੇਸ਼ ਵਿੱਚ ਪਾਈ ਜਾ ਸਕਦੀ ਹੈ।

ਸੀ ਜੇ ਡੀ (CJD) ਹੋਣ ਦੇ ਕੀ ਕਾਰਨ ਹਨ?

ਸੀਜੇਡੀ (CJD) ਅਸਧਾਰਨ ਪ੍ਰੀਓਨ (prion) – ਕੋਸ਼ਾਣੂਆਂ (ਸੈਲਾਂ) ਦੇ ਤਲ ਤੇ ਪਾਏ ਜਾਣ ਵਾਲੇ ਇੱਕ ਪ੍ਰੋਟੀਨ – ਕਰਕੇ ਹੁੰਦੀ ਹੈ। ਇਹ ਅਸਧਾਰਨ ਪ੍ਰੀਓਨ (prion) ਦਿਮਾਗ ਦੇ ਦੂਸਰੇ ਕੋਸ਼ਾਣੂ ਪ੍ਰੋਟੀਨਾਂ ਦੇ ਨਾਲ ਚਿਪਕ ਜਾਂਦਾ ਹੈ ਅਤੇ ਉਨ੍ਹਾਂ ਦੇ ਆਕਾਰ ਨੂੰ ਵਿਗਾੜ ਦਿੰਦਾ ਹੈ।ਉਹ ਦਿਮਾਗ ਤੇ ਹਮਲਾ ਕਰਦੇ ਹਨ, ਕੋਸ਼ਾਣੂਆਂ ਨੂੰ ਮਾਰਦੇ ਹਨ ਅਤੇ ਟਿਸ਼ੂਆਂ ਵਿੱਚ ਫਾਸਲੇ ਜਾਂ ਸਪੰਜ ਵਰਗੇ ਪੈਚ ਉਤਪੰਨ ਕਰਦੇ ਹਨ। ਇੰਨਾਂ ਅਸਧਾਰਨ ਪ੍ਰੀਓਨਾਂ (prions) ਦੇ ਇੱਕ ਵਾਰੀ ਕਿਸੇ ਵਿਅਕਤੀ ਵਿੱਚ ਉਭਰਨ ਤੋਂ ਬਾਅਦ ਲੱਛਣਾਂ ਦੇ ਸ਼ੁਰੂ ਹੋਣ ਵਿੱਚ 30 ਸਾਲ ਤੱਕ ਲੱਗ ਸਕਦੇ ਹਨ।

ਕਿਸੇ ਵਿਅਕਤੀ ਨੂੰ ਸੀਜੇਡੀ (CJD) ਕਿਵੇਂ ਹੁੰਦੀ ਹੈ?

ਸੀਜੇਡੀ (CJD) ਦੇ ਜਿਆਦਾਤਰ ਕੇਸ, ਲਗਭਗ 85 ਤੋਂ 90 ਪ੍ਰਤੀਸ਼ਤ, ਬਿਨਾਂ ਕਿਸੇ ਗਿਆਤ ਕਾਰਨ ਦੇ ਹੁੰਦੇ ਹਨ। ਦਸ ਤੋਂ 15 ਪ੍ਰਤੀਸ਼ਤ ਕੇਸ ਪਰਿਵਾਰਾਂ ਵਿੱਚ ਚਲਦੇ ਹਨ। ਸਮੇਂ ਦੇ 1 ਪ੍ਰਤੀਸ਼ਤ ਤੋਂ ਘੱਟ ਵਿੱਚ, ਸੀ ਜੇ ਡੀ (CJD) ਅੱਖਾਂ, ਦਿਮਾਗ ਜਾਂ ਰੀੜ ਦੀ ਹੱਡੀ ਦੇ ਆਪਰੇਸ਼ਨ ਵਿੱਚ ਵਰਤੇ ਗਏ ਔਜ਼ਾਰਾਂ ਜਾਂ ਟਰਾਂਸਪਲਾਂਟ ਕੀਤੇ ਗਏ ਟਿਸ਼ੂਆਂ ਦੁਆਰਾ ਕਿਸੇ ਵਿਅਕਤੀ ਤੱਕ ਫੈਲਦੀ ਹੈ। ਸੀਜੇਡੀ (CJD) ਛੂਤ ਨਾਲ ਫੈਲਣ ਵਾਲੀ ਬੀਮਾਰੀ ਨਹੀਂ ਹੈ।

ਸੀਜੇਡੀ (CJD) ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ?

ਸੀਜੇਡੀ (CJD) ਦੀ ਸੰਭਾਵੀ ਪਛਾਣ ਇੰਨਾਂ ਦੇ ਅਧਾਰ ਤੇ ਕੀਤੀ ਜਾਂਦੀ ਹੈ:

- ਲੱਛਣ,
- ਰੀੜ ਦੀ ਹੱਡੀ ਦੇ ਆਸੇਪਾਸੇ ਦੇ ਤਰਲ ਪਦਾਰਥ ਦੇ ਪਰੀਖਣ,
- ਸੀ ਟੀ (CT) ਅਤੇ ਐਮ ਆਰ ਆਈ (MRI) ਸਕੈਨਾਂ ਦੀ ਵਰਤੋਂ ਕਰਕੇ ਦਿਮਾਗ ਦੀਆਂ ਤਸਵੀਰਾਂ,
- ਅਤੇ ਈ ਈ ਜੀ (EEG) ਦੀ ਵਰਤੋਂ ਕਰਕੇ ਦਿਮਾਗ ਦੀ ਬਿਜਲਈ ਗਤੀਵਿਧੀਆਂ ਦੀਆਂ ਰਿਕਾਰਡਿੰਗਾਂ।

ਪਛਾਣ ਦੀ ਪੁਸ਼ਟੀ ਕੇਵਲ ਮੌਤ ਤੋਂ ਬਾਅਦ ਸਰੀਰ ਦੇ ਪਰੀਖਣ (autopsy) ਦੁਆਰਾ ਹੀ ਕੀਤੀ ਜਾ ਸਕਦੀ ਹੈ।

ਸੀਜੇਡੀ (CJD) ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਵਰਤਮਾਨ ਸਮੇਂ ਤੇ ਸੀਜੇਡੀ (CJD) ਲਈ ਕੋਈ ਇਲਾਜ ਨਹੀਂ ਹੈ। ਇਲਾਜ ਵਿਚ ਸਰੀਰਕ ਅਤੇ ਰੁਜ਼ਗਾਰ ਸੰਬੰਧੀ ਥੈਰੇਪੀਆਂ ਸ਼ਾਮਲ ਹਨ। ਸੀਜੇਡੀ (CJD) ਦਾ ਸ਼ਿਕਾਰ ਵਿਅਕਤੀ ਅੰਤ ਵਿੱਚ ਬਿਸਤਰੇ ਤੱਕ ਸੀਮਿਤ ਹੋ ਜਾਂਦਾ ਹੈ ਅਤੇ ਉਸ ਨੂੰ ਨਲੀ ਰਾਹੀਂ ਹੀ ਖਾਣਾ ਖੁਆਉਣਾ ਪੈਂਦਾ ਹੈ।

ਸੀਜੇਡੀ (CJD) ਵੇਰੀਐਂਟ ਸੀ ਜੇ ਡੀ (vCJD) ਨਾਲ ਸੰਬੰਧਤ ਹੈ?

ਸੀਜੇਡੀ (CJD) ਅਤੇ ਵੇਰੀਐਂਟ ਸੀ ਜੇ ਡੀ (vCJD) ਇੱਕੋ ਬੀਮਾਰੀ ਨਹੀਂ ਹਨ। ਇਹ ਅਸਧਾਰਨ ਪ੍ਰੀਓਨਾਂ (prions) ਕਰਕੇ ਹੋਣ ਵਾਲੀਆਂ ਬੀਮਾਰੀਆਂ ਦੇ ਸਮੂਹ ਦਾ ਹਿੱਸਾ ਹਨ। ਲੱਛਣ ਮਿਲਦੇ ਜੁਲਦੇ ਹਨ, ਹਾਲਾਂਕਿ ਵੇਰੀਐਂਟ ਸੀਜੇਡੀ (vCJD) ਆਮਤੌਰ ਤੇ 30 ਸਾਲ ਦੀ ਉਮਰ ਤੋਂ ਪਹਿਲਾਂ ਵਾਪਰਦੀ ਹੈ। ਵੇਰੀਐਂਟ ਸੀ ਜੇ ਡੀ (vCJD) ਨੂੰ ਕਈ ਵਾਰੀ ਹਿਊਮਨ ਮੈਡ ਕਾਓ ਡਿਜ਼ੀਜ਼ (human mad cow disease) ਜਾਂ ਹਿਊਮਨ ਬੋਵਾਇੰਨ ਸਪੌਂਜੀਫੌਰਮ ਏਨਸੈਫਲੋਪੈਥੀ (human bovine spongiform encephalopathy (BSE)) ਕਿਹਾ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਬੀਮਾਰੀ ਬੀ ਐਸ ਈ ਪ੍ਰੀਓਨਾਂ (BSE prions) ਨਾਲ ਗ੍ਰਸਤ ਗਾਂ ਦੇ ਹਿੱਸੇ ਖਾਣ ਕਰਕੇ ਇਨਸਾਨਾਂ ਤੱਕ ਪਹੁੰਚਦੀ ਹੈ।

ਵਧੇਰੇ ਜਾਣਕਾਰੀ ਲਈ

ਵੇਰੀਐਂਟ ਸੀ ਜੇ ਡੀ (vCJD) ਬਾਰੇ ਹੋਰ ਜਾਣਕਾਰੀ ਲਈ, HealthLinkBC File #55b Variant Creutzfeldt-Jakob Disease(vCJD). ਦੇਖੋ।

ਸੀ ਜੇ ਡੀ (CJD) ਬਾਰੇ ਹੋਰ ਜਾਣਕਾਰੀ ਲਈ, https://alzheimer.ca/en/Home/About-dementia/Dementias/Creutzfeld-Jakob-Disease

ਤੇ ਕ੍ਰਿਓਟਜ਼ਫ਼ੈਲਡ-ਯਾਕੋਬ ਬੀਮਾਰੀ (CJD) ਬਾਰੇ ਕਨੇਡੀਅਨ ਅਲਜ਼ਾਈਮਰ ਸੋਸਾਇਟੀ ਦਾ ਵੈੱਬ ਪੇਜ ਦੇਖੋ।

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca ’ਤੇ ਕਲਿੱਕ ਕਰੋ ਜਾਂ **8-1-1** ’ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 ’ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ ’ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।

BC Centre for Disease Control

An agency of the Provincial Health Services Authority